ਡਾਇਰੈਕਟੋਰੇਟ
ਸਿਹਤ ਤੇ ਪਰਿਵਾਰ ਭਲਾਈ,ਪੰਜਾਬ।
(ਈ-2,ਸਾਖਾ)

ਵੱਲ,

1. ਡਾਇਰੈਕਟਰ ਖੋਜ਼ ਤੇ ਮੈਡੀਕਲ ਸਿੱਖਿਆ ਵਿਭਾਗ, ਪੰਜਾਬ, ਚੰਡੀਗੜ੍ਹ।
2. ਡਾਇਰੈਕਟਰ ਸਿਹਤ ਸੇਵਾਵਾਂ (ਸ.ਬ.) ਪੰਜਾਬ, ਚੰਡੀਗੜ੍ਹ।
3 ਡਾਇਰੈਕਟਰ ਸਿਹਤ ਸੇਵਾਵਾਂ, ਚੰਡੀਗੜ੍ਹ ਪ੍ਰਸ਼ਾਸਨ, ਚੰਡੀਗੜ੍ਹ।
4. ਪ੍ਰਿੰਸੀਪਲ ਮੈਡੀਕਲ ਕਾਲਜ, ਪਟਿਆਲਾ/ਅੰਮ੍ਰਿਤਸਰ/ਜਲੰਧਰ।
5. ਸਮੂਹ ਸਿਵਲ ਸਰਜਨ, ਪੰਜਾਬ ਰਾਜ।
6. ਮੈਡੀਕਲ ਸੁਪਰਡੈਂਟ, ਸਿਵਲ ਹਸਪਤਾਲ ਜਲੰਧਰ/ ਮਾਤਾ ਕੁਸ਼ੱਲਿਆ ਹਸਪਤਾਲ, ਪਟਿਆਲਾ/ ਈ.ਐਸ.ਆਈ. ਹਸਪਤਾਲ, ਲੁਧਿਆਣਾ/ ਅੰਮ੍ਰਿਤਸਰ/ ਜਲੰਧਰ।
7. ਪ੍ਰਿੰਸੀਪਲ ਮੈਡੀਕਲ ਅਫਸਰ ਇੰਚ: ਬੀ.ਬੀ.ਐਮ.ਬੀ. ਹਸਪਤਾਲ, ਨੰਗਲ, ਤਲਵਾੜਾ, ਸੁੰਦਰ ਨਗਰ।

ਨੰ: ਈ2(2)ਪੰ:16/
ਮਿਤੀ.ਚੰਡੀਗੜ;

ਵਿਸ਼ਾ:- ਡਾ: ਸੁਖਜਿੰਦਰ ਸਿੰਘ, ਮੈਡੀਕਲ ਅਫਸਰ, ਸੇਵਾ ਨੰਬਰ 5494 ਬਾਬਤ ਸੀਨੀਆਰਤਾ ਠੀਕ ਨਿਰਧਾਰਤ ਕਰਨ ਬਾਰੇ।

*********

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਡਾ: ਸੁਖਜਿੰਦਰ ਸਿੰਘ, ਮੈਡੀਕਲ ਅਫਸਰ ਨੇ ਸਰਕਾਰ ਨੂੰ ਆਪਣੀ ਸੀਨੀਆਰਤਾ ਸੋਧਣ ਲਈ ਬੇਨਤੀ ਕੀਤੀ ਸੀ ਜਿਸ ਵਿੱਚ ਡਾਕਟਰ ਦਾ ਕਲੇਮ ਹੈ ਕਿ ਉਸ ਨੂੰ ਸਾਲ 1990 ਦੌਰਾਨ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਰਾਹੀਂ ਭਰਤੀ ਹੋਏ ਫਰੀਡਮ ਫਾਇਟਰ ਕੈਟਾਗਰੀ ਵਿੱਚ ਮੈਡੀਕਲ ਅਫਸਰਾਂ ਡਾ: ਰਜਿੰਦਰ ਸਿੰਘ ਚਾਹਲ ਤੋਂ ਹੇਠਾਂ ਅਤੇ ਡਾ: ਜ਼ਸਪ੍ਰੀਤ ਕੌਰ ਤੋਂ ਉੱਪਰ ਇਸ ਦਫਤਰ ਵੱਲੋਂ ਮੀਮੋ ਨੰ: ਈ2(2)ਪੰ:14/8344-78 ਮਿਤੀ 09.12.2014 ਰਾਹੀਂ ਜਾਰੀ ਸੀਨੀਆਰਤਾ ਸੂਚੀ ਵਿੱਚ ਲੜ੍ਹੀ ਨੰ: 134-ਏ ਤੇ ਸੀਨੀਆਰਤਾ ਨੰਬਰ 5534-ਏ ਫਿਕਸ ਕੀਤਾ ਜਾਵੇ। ਇਸ ਦੇ ਸਬੰਧ ਦੱਸਿਆ ਜਾਂਦਾ ਹੈ ਕਿ ਡਾ: ਰਜਿੰਦਰ ਸਿੰਘ ਚਾਹਲ ਨੇ ਡਿਊਟੀ ਜੁਆਇੰਨ ਹੀ ਨਹੀਂ ਕੀਤੀ ਅਤੇ ਡਾ: ਜ਼ਸਪ੍ਰੀਤ ਕੌਰ ਨੇ ਡਿਊਟੀ ਜੁਆਇੰਨ ਕਰ ਲਈ ਸੀ, ਜਿਸ ਦਾ ਸੀਨੀਆਰਤਾ ਵਿੱਚ ਲੜ੍ਹੀ ਨੰ: 162 ਅਤੇ ਸੀਨੀਆਰਤਾ ਨੰਬਰ 5562 ਫਿਕਸ ਕੀਤਾ ਗਿਆ ਹੈ। ਇਸ ਤਰ੍ਹਾਂ ਡਾ: ਸੁਖਜਿੰਦਰ ਸਿੰਘ ਦਾ ਨਾਮ ਡਾ: ਜ਼ਸਪ੍ਰੀਤ ਕੌਰ ਤੋਂ ਉਪਰ ਲੜ੍ਹੀ ਨੰ: 134 ਤੋਂ ਬਾਅਦ 134-ਏ ਤੇ ਸੀਨੀਆਰਤਾ ਨੰਬਰ 5534-ਏ ਤੇ ਫਿਕਸ ਕਰਨਾ ਬਣਦਾ ਹੈ ਅਤੇ ਲੜ੍ਹੀ ਨੰ: 135 ਸੀਨੀਆਰਤਾ ਨੰਬਰ 5535 ਤੋਂ ਲੈ ਕੇ ਲੜ੍ਹੀ ਨੰ: 163 ਸੀਨੀਆਰਤਾ ਨੰਬਰ 5563 ਤੱਕ ਦੇ ਮੈਡੀਕਲ ਅਫਸਰ ਇਸ ਸੀਨੀਆਰਤਾ ਫਿਕਸ ਕਰਨ ਨਾਲ ਪ੍ਰਭਾਵਿਤ ਹੁੰਦੇ ਹਨ। ਇਸ ਲਈ ਜਿਨ੍ਹਾਂ ਮੈਡੀਕਲ ਅਫਸਰਾਂ/ਅਧਿਕਾਰੀਆਂ ਨੂੰ ਡਾ: ਸੁਖਜਿੰਦਰ ਸਿੰਘ ਦੀ ਸੀਨੀਆਰਤਾ ਨੰਬਰ 5534-ਏ ਫਿਕਸ ਵਿਰੁੱਧ ਇੰਤਰਾਜ ਹਨ ਤਾਂ ਉਹ ਇਸ ਪੱਤਰ ਦੀ ਜਾਰੀ ਹੋਣ ਦੀ ਮਿਤੀ ਤੋਂ ਬਾਅਦ 15 ਦਿਨਾਂ ਦੇ ਅੰਦਰ-ਅੰਦਰ ਯੋਗ ਪ੍ਰਣਾਲੀ ਰਾਹੀਂ ਇਸ ਦਫਤਰ ਨੂੰ ਸਬੂਤਾਂ ਦੇ ਅਧਾਰ ਤੇ ਇਤਰਾਜ ਭੇਜ਼ ਸਕਦੇ ਹਨ। ਜੇਕਰ ਇਸ ਸਬੰਧੀ ਕਿਸੇ ਦਾ ਵੀ ਇਤਰਾਜ ਪ੍ਰਾਪਤ ਨਹੀਂ ਹੁੰਦਾ ਤਾਂ ਕਿਆਸ ਕਰ ਲਿਆ ਜਾਵੇਗਾ ਕਿ ਇਸ ਬਾਰੇ ਕਿਸੇ ਪ੍ਰਭਾਵਿਤ ਅਧਿਕਾਰੀ/ਮੈਡੀਕਲ ਅਫਸਰ ਨੂੰ ਕੋਈ ਇਤਰਾਜ ਨਹੀਂ ਹੈ ਅਤੇ ਡਾ: ਸੁਖਜਿੰਦਰ ਸਿੰਘ ਦੀ ਸੀਨੀਆਰਤਾ ਲੜ੍ਹੀ ਨੰ: 134-ਏ ਤੇ ਸੀਨੀਆਰਤਾ ਨੰਬਰ 5534-ਏ ਫਿਕਸ ਕਰ ਦਿੱਤਾ ਜਾਵੇਗਾ।

//
(ਡਾ: ਧਰਮਪਾਲ)
ਵਧੀਕ ਡਾਇਰੈਕਟਰ

ਪਿੱਠ ਅੰਕਣ ਨੰ:ਈ2(2)ਪੰ:16/3914-15 ਮਿਤੀ.ਚੰਡੀਗੜ; 02-06-2016

ਉਤਾਰਾ:

1. ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ,ਸਿਹਤ ਤੇ ਪਰਿਵਾਰ ਭਲਾਈ ਵਿਭਾਗ (ਸਿਹਤ-1, ਸ਼ਾਖਾ) ਚੰਡੀਗੜ੍ਹ ਨੂੰ ਸਰਕਾਰ ਦੇ ਮੀਮੋ ਨੰ: ਮੀਮੋ ਨੰ: 5/14/2015-6ਸਿ1/713538/1 ਮਿਤੀ 16.03.2016 ਦੇ ਸਬੰਧ ਵਿੱਚ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਜੀ।
2. ਡਿਪਟੀ ਡਾਇਰੈਕਟਰ, ਕੰਪਿਊਟਰ ਸੈਲ ਨੂੰ ਭੇਜਦੇ ਹੋਏ ਬੇਨਤੀ ਕੀਤੀ ਜ਼ਾਂਦੀ ਹੈ ਕਿ ਨਾਲ ਨੱਥੀ ਪੱਤਰ ਵੈਬ-ਸਾਈਟ ਤੇ ਅੱਪਲੋਡ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ।

(ਡਾ: ਧਰਮਪਾਲ)
ਵਧੀਕ ਡਾਇਰੈਕਟਰ